# ਵਧ ਰਹੇ ਵਿਦਿਆਰਥੀ ਵੀਜ਼ੇ ਦਾ ਰੁਝਾਨ ਅਤੇ ਸਮੱਸਿਆਵਾਂ



ਹਰਦੀਪ ਸਿੰਘ ਮਾਨ



ਇੰਗਲੈਂਡ ਵਿਚ ਖ਼ਾਸਕਰ ਸਾਊਥਾਲ ਦੇ ਮੌਜੂਦਾ ਹਾਲਾਤ ਦੀ ਗੱਲ ਕਰਨ ਤੋਂ ਪਹਿਲਾਂ ਪੰਜਾਬ ਦੇ ਹਾਲਾਤ ਬਾਰੇ ਗੱਲ ਕਰਨਾ ਜ਼ਰੂਰੀ ਹੈ। ਕੁਝ ਅਖੌਤੀ ਚਿੰਤਕ ਪੇਂਡੂ ਪੰਜਾਬੀ ਪੁੱਤਰਾਂ ਤੇ ਇਲਜ਼ਾਮ ਲਗਾਉਂਦੇ ਹਨ ਕਿ ਇਹ ਤਾਂ ਪੜ੍ਹਦੇ ਹੀ ਨਹੀਂ, ਇਹਨਾਂ ਨੇ ਨੌਕਰੀਆਂ ਕੀ ਕਰਨੀਆਂ? ਦੂਜੇ ਪਾਸੇ ਸੱਚ ਇਹ ਹੈ ਕਿ ਆਮ ਉੱਚ-ਸਿੱਖਿਆ ਪ੍ਰਾਪਤ ਨੌਜਵਾਨ ਲਈ ਵੀ ਸਰਕਾਰੀ ਜਾਂ ਗੈਰ-ਸਰਕਾਰੀ ਨੌਕਰੀ ਦੀ ਇੱਛਾ ਕਰਨਾ ਦਿਨ ਵਿਚ ਤਾਰੇ ਦੇਖਣ ਦੇ ਬਰਾਬਰ ਹੈ ਇਸ ਕਰਕੇ ਪੜ੍ਹ-ਲਿਖ ਕੇ ਬਹੁਤਿਆਂ ਨੇ ਗਾਇਕੀ ਦੇ ਖੇਤਰ ਨੂੰ ਅਪਣਾ ਲਿਆ ਹੈ ਹਾਂ, ਪੰਜਾਬ ਦਾ 'ਖਾਸ ਵਰਗ' ਕਾਨੂੰਨੀ ਦਾਅ-ਪੇਚ ਕਰਕੇ ਨੌਕਰੀਆਂ ਪ੍ਰਾਪਤ ਕਰਨ ਵਿਚ ਸਫ਼ਲ ਹੋ ਰਿਹਾ ਹੈ, ਪਰ ਹੈ ਉਹ ਵੀ ਸਾਰਿਆਂ ਤੋਂ ਡਾਢੇ ਨਰਾਜ਼ ਮੁੱਕਦੀ ਗੱਲ, ਇਸ ਸਮੇਂ ਪੰਜਾਬ ਵਿਚ ਕੋਈ ਵੀ ਵਰਗ ਖੁਸ਼ਹਾਲ ਅਤੇ ਸੰਤੁਸ਼ਟ ਨਹੀਂ ਹੈ ਕਿਸੇ ਨੂੰ ਵੱਖਰੇ ਪੰਥ ਵਸਾਉਣ ਦੀ ਚਿੰਤਾ ਹੈ ਤੇ ਕਿਸੇ ਨੂੰ ਬਚਾਉਣ ਦੀ । ਇਨ੍ਹਾਂ ਚਿੰਤਾਵਾਂ ਵਿਚ ਪੰਜਾਬ ਦੀ ਆਰਥਿਕ ਸਥਿਤੀ ਨਿਘਰਦੀ ਜਾ ਰਹੀ ਹੈ ਅਤੇ ਬੇਰੁਜ਼ਗਾਰੀ ਦਾ ਆਲਮ ਦਿਨੋਂ ਦਿਨ ਵਧਦਾ ਹੀ ਜਾ ਰਿਹਾ ਹੈ। ਸਿਆਸਤ ਗੰਧਲੀ ਹੋਣ ਕਰਕੇ ਪੰਜਾਬ ਦਾ ਕਿਸੇ ਨੂੰ ਫ਼ਿਕਰ ਨਹੀਂ, ਜੀਹਦਾ ਦਾਅ ਲੱਗ ਰਿਹਾ ਹੈ, ਲੁੱਟ ਰਿਹਾ ਹੈ ਜਿਸ ਦਾ ਭਰਪੂਰ ਫਾਇਦਾ ਰਾਤੋਂ-ਰਾਤ ਖੁੰਬਾਂ ਵਾਂਗ ਪੈਦਾ ਹੋਏ ਦਲਾਲ ਅਤੇ ਠੱਗ ਕੰਪਨੀਆਂ ਉਠਾ ਰਹੀਆਂ ਹਨ । ਦਲਾਲ ਅਤੇ ਠੱਗ ਕੰਪਨੀਆਂ ਬੇਰੁਜ਼ਗਾਰ ਨੌਜਵਾਨ ਮੁੰਡੇ-ਕੁੜੀਆਂ ਨੂੰ ਸਬਜ਼ ਬਾਗ ਦਿਖਾ ਕੇ ਉਨ੍ਹਾਂ ਦਾ ਆਰਥਿਕ, ਮਾਨਸਿਕ ਅਤੇ ਸਰੀਰਕ ਸ਼ੋਸ਼ਣ ਰੱਜ ਕੇ ਕਰ ਰਹੀਆਂ ਹਨ। ਇਸ਼ਤਿਹਾਰਾਂ ਅਤੇ ਪੋਸਟਰਾਂ ਵਿਚ ਜੋ ਦਿਖਾਇਆ ਜਾਂ ਦੱਸਿਆ ਜਾਂਦਾ ਹੈ, ਉਹ ਸੱਚ ਤੋਂ ਬਹੁਤ ਦੂਰ ਹੁੰਦਾ ਹੈ। ਪੰਜਾਬ ਦਾ ਭਵਿੱਖ ਬਹੁਤ ਧੁੰਦਲਾ ਹੋਣ ਕਰਕੇ ਅਤੇ ਕੁਝ ਹੱਥ ਪੱਲੇ ਪੈਂਦਾ ਨਾ ਦੇਖ ਕੇ ਨਿਰਾਸ਼ ਹੋਇਆ ਨੌਜਵਾਨ ਵਰਗ ਘੋਰ ਉਦਾਸੀ ਅਤੇ ਨਮੋਸ਼ੀ ਹੇਠ ਵਿਦੇਸ਼ ਉਡਾਰੀ ਨੂੰ ਹੀ ਆਸ ਦੀ ਕਿਰਨ ਸਮਝਦਾ ਹੈ। ਨੌਜਵਾਨ ਮੁੰਡੇ ਤਾਂ ਕਾਨੂੰਨੀ ਜਾਂ ਗੈਰ-ਕਾਨੂੰਨੀ ਢੰਗ ਨਾਲ ਕਈ ਸਾਲਾਂ ਤੋਂ ਬਾਹਰ ਨੂੰ ਵਹੀਰਾਂ ਘੱਤ ਰਹੇ ਹਨ, ਹੁਣ ਨਰਮ ਵਿਦਿਆਰਥੀ ਵੀਜ਼ਾ ਅਤੇ ਆਈਲਟਸ ਪ੍ਰਣਾਲੀ ਰਾਹੀ ਗਰੀਬ ਅਤੇ ਮੱਧ ਵਰਗ ਕੁੜੀਆਂ ਦੀ ਪੁੱਛ-ਪੜਤਾਲ ਵੱਧ ਗਈ ਹੈ। ਜਿਸ ਦੇ ਸਿੱਟੇ ਵਜੋਂ ਘਰੇਲੂ ਆਰਥਿਕ ਹਾਲਾਤ ਸੁਧਾਰਨ ਲਈ ਪੰਜਾਬੀ ਅਣਖ ਤੇ ਗ਼ੈਰਤ ਨੂੰ ਕਿੱਲੀ ਤੇ ਟੰਗ ਕੇ ਜਵਾਨ ਕੁਆਰੀਆਂ ਕੁੜੀਆਂ ਨੂੰ ਵੀ ਵਿਦੇਸ਼ੀ ਮੁਲਕ ਦੇ ਜੀਵਨ ਸੰਘਰਸ਼ ਬਨਾਮ ਅੱਗ ਰੂਪੀ ਚੱਕਰ ਵਿਚ ਸੁੱਟਣ ਲਈ ਮਜਬੂਰ ਹੋ ਗਿਆ ਹੈ। ਕਿਤੇ ਉਹ ਆਪ ਕੁੱਦ ਰਹੀਆਂ ਹਨ ਅਤੇ ਕਿਤੇ ਮਾਪਿਆਂ ਵਲੋਂ ਸੁੱਟੀਆਂ ਜਾ ਰਹੀਆਂ ਹਨ। ਇਸ ਦੌੜ ਵਿਚ ਬਹੁਤੇ ਪਰਿਵਾਰ, ਕਈ ਵਾਰ ਦੋ-ਪਰਿਵਾਰ (ਠੇਕਾ ਵਿਆਹ ਰਾਹੀ) ਆਰਥਿਕ ਪੱਖੋਂ ਅੱਗੇ ਨਾਲੋਂ ਕਾਫ਼ੀ ਸੁੱਖੀ ਅਤੇ ਕਾਮਯਾਬ ਹੋਏ ਹਨ। ਪਰ ਮਾਮੂਲੀ ਗਿਣਤੀ ਵਿਚ ਜਿਹੜੀਆਂ ਜਵਾਨ ਕੁੜੀਆਂ ਗਲਤ ਸੰਗਤ ਜਾਂ ਅਨਸਰਾਂ ਕਰਕੇ ਆਪਣਾ ਜਿਸਮਾਨੀ ਸ਼ੋਸ਼ਣ ਕਰਨ ਜਾਂ ਕਰਵਾਉਣ ਲਈ ਮਜਬੂਰ ਹਨ, ਉਨ੍ਹਾਂ ਬਾਰੇ ਦਬੀ ਦਬੀ ਜ਼ੁਬਾਨ ਵਿਚ ਗੱਲ ਹੋ ਰਹੀ ਹੈ। ਸ਼ਾਇਦ ਇਸ ਦਾ ਇੱਕ ਕਾਰਣ ਇਹ ਹੈ ਕਿ ਇਸ ਨਾਲ ਪੰਜਾਬੀਅਤ ਸ਼ਰਮਸਾਰ ਹੁੰਦੀ ਹੈ। ਦੂਸਰਾ ਇਹ ਵੀ ਹੈ ਕਿ ਜੇਕਰ ਕੋਈ ਇਸ ਅਨੈਤਿਕ ਕੰਮ ਬਾਰੇ ਬੇਬਾਕੀ ਨਾਲ ਲਿਖ ਦਿੰਦਾ ਹੈ ਤਾਂ ਪੱਤਰਕਾਰੀ ਦੇ ਅਖੌਤੀ 'ਪਹਿਰੇਦਾਰ ਕੰਪਨੀ' ਦੇ ਕਰਿੰਦੇ, ਲੇਖਕ ਤੇ ਤਰਕ ਰਹਿਤ ਲੇਖਾਂ ਦਾ ਹਮਲਾ ਕਰ ਦਿੰਦੇ ਹਨ।

**'ਸਿੱਖ ਚੈਨਲ' ਦੀ ਵਿਚਾਰ ਗੋਸ਼ਟੀ ਦੌਰਾਨ ਬਹੁਤੇ ਸਰੋਤਿਆਂ ਨੇ ਇਲਜ਼ਾਮ ਲਗਾਇਆ ਕਿ ਵਿਦੇਸ਼ਾਂ ਵਿਚੋਂ ਜਦੋਂ ਪੰਜਾਬੀ ਵੀਰ ਪੰਜਾਬ ਵਾਪਸ ਜਾਂਦੇ ਹਨ ਤਾਂ ਉਨ੍ਹਾਂ ਦੇ ਅੱਧਾ ਕਿਲੋ ਸੋਨਾ ਪਾਇਆ ਹੁੰਦਾ ਹੈ, ਕਾਰ-ਗੱਡੀ ਤੋਂ ਬਿਨ੍ਹਾਂ ਉਹ ਜ਼ਮੀਨ ਤੇ ਪੈਰ ਨਹੀਂ ਰੱਖਦੇ ਇਨ੍ਹਾਂ ਵੀਰਾਂ ਵੱਲ ਦੇਖ ਕੇ ਹੀ ਪੰਜਾਬ ਵਿਚ ਵਸਦੇ ਨੌਜਵਾਨ ਵਿਦੇਸ਼ ਆਉਣ ਬਾਰੇ ਸੋਚਣਾ ਸ਼ੁਰੂ ਕਰਦੇ ਹਨ, ਵਗੈਰਾ ਵਗੈਰਾ ਦੂਜੇ ਪਾਸੇ ਉਨ੍ਹਾਂ ਲਈ ਸਵਾਲ ਹੈ, ਕੀ ਪੰਜਾਬ ਵਿਚ ਵਸਦੇ ਅਮੀਰ ਵਰਗ ਕੋਲ ਕਾਰਾਂ-ਗੱਡੀਆਂ ਨਹੀਂ ਹਨ? ਕੀ ਉਨ੍ਹਾਂ ਨੇ ਆਲੀਸ਼ਾਨ ਕੋਠੀਆਂ ਨਹੀਂ ਪਾਈਆਂ? ਕੀ ਉਹ ਸੋਨਾ ਪਾਉਣ ਵਿਚ ਆਪਣੀ ਸ਼ਾਨ ਨਹੀਂ ਸਮਝਦੇ? ਕਈਆਂ ਦਾ ਕਹਿਣਾ ਹੈ ਕਿ ਪੰਜਾਬ ਵਾਸੀਆਂ ਨੂੰ ਜਿਨ੍ਹਾਂ ਮਰਜ਼ੀ ਸਮਝਾਓ, ਪਰ ਉਹ ਮੰਨਣੋਂ ਇਨਕਾਰੀ ਹਨ ਉਨ੍ਹਾਂ ਦੀ ਆਰਥਿਕ ਮੰਦਹਾਲੀ ਨੇ ਅਕਲ ਤੇ ਪਰਦਾ ਪਾਇਆ ਹੋਇਆ ਹੈ ਇਸ ਕਰਕੇ ਬਿਨ੍ਹਾਂ ਪੱਕੇ ਪੈਰੀਂ ਜਵਾਨ ਕੁੜੀਆਂ ਨੂੰ ਜਹਾਜ਼ੇ ਚੜ੍ਹਾਉਣ ਦੀ ਹਵਾ ਜ਼ੋਰਾਂ ਨਾਲ ਚੱਲ ਪਈ ਹੈ**

ਜਿੱਥੇ ਸਾਰੀ ਦੁਨੀਆ ਦੇ ਦੇਸ਼ ਆਰਥਿਕ ਮੰਦਹਾਲੀ ਨਾਲ ਜੂਝ ਰਹੇ ਹਨ, ਉੱਥੇ ਇੰਗਲੈਂਡ ਵੀ ਆਪਣੇ ਖਾਲੀ ਖ਼ਜ਼ਾਨੇ ਭਰਨ ਲਈ ਕੋਈ ਨਾ ਕੋਈ ਜੁਗਾੜ ਘੜਦਾ ਰਹਿੰਦਾ ਹੈ। ਇਸੇ ਕਰਕੇ ਹੀ ਇਸ ਨੇ ਇੱਕ ਵਾਰ ਬਾਲੀਵੁੱਡ ਨਿਰਮਾਤਾਵਾਂ ਨੂੰ ਇੰਗਲੈਂਡ ਦੀ ਧਰਤੀ ਤੇ ਬਣਾਈ ਫ਼ਿਲਮ ਦਾ ਕੁਝ ਖ਼ਰਚਾ ਵਾਪਸ ਕਰਨ ਦਾ ਵਾਅਦਾ ਕੀਤਾ ਸੀ ਤਾਂ ਕਿ ਵੱਧ ਤੋਂ ਵੱਧ ਇੰਗਲੈਂਡ ਵਿਚ ਫ਼ਿਲਮਾਂ ਬਣਾਈਆਂ ਜਾਣ ਅਤੇ ਕਮਾਈ ਵਿਚ ਵਾਧਾ ਹੋ ਸਕੇ ਹੁਣ ਇਸ ਨੇ ਆਪਣੇ ਦੱਬੇ ਖ਼ਜ਼ਾਨੇ ਪੁੱਟ ਕੇ ਇਤਿਹਾਸਕ ਚੀਜ਼ਾਂ ਦੀ ਨਿਲਾਮੀ ਕਰਨੀ ਸ਼ੁਰੂ ਕਰ ਦਿੱਤੀ ਹੈ। ਫਿਰ ਕਿਸ ਨੇ ਕੰਨ ਵਿਚ ਫੂਕ ਮਾਰੀ,

**"ਆ ਪੰਜਾਬੀ, ਬਾਹਲ਼ੇ ਕਾਹਲੇ ਰਹਿੰਦੇ ਵਲੈਤ ਆਉਣ ਨੂੰ, ਬਥੇਰੀਆਂ ਜ਼ਮੀਨਾਂ ਤੇ ਪੈਲ਼ੀਆਂ ਇਹਨਾਂ ਕੋਲ ਹੈ ਹਾਲੇ, ਕਿਉਂ ਨਾ ਇਨ੍ਹਾਂ ਕੋਲੋਂ ਵੀ ਕੁਝ**

...**"ਹਾਲਾਂ ਕਿ ਇੰਗਲੈਂਡ ਦੀ ਜੰਮਪਲ ਬਹੁਤੀ ਪੜ੍ਹੀ ਲਿਖੀ ਪਨੀਰੀ ਬੇਰੁਜ਼ਗਾਰ ਬੈਠੀ ਹੈ।**

ਅਤੇ ਇੰਗਲੈਂਡ ਦੀਆਂ ਖ਼ੁਫ਼ੀਆ ਏਜੰਸੀਆਂ ਨੂੰ ਵੀ ਪਤਾ ਹੈ ਕਿ ਬਾਹਰ ਆਉਣ ਦੇ ਚਹੇਤਾ ਨੌਜਵਾਨ ਪੰਜਾਬੀ ਪੜ੍ਹਾਈ ਵਿਚ ਕਿੰਨੇ ਕੁ ਹੁਸ਼ਿਆਰ ਹਨ? ਪਰ ਲਾਗੀ ਨੇ ਤਾਂ ਲਾਗ ਲੈਣਾ ਹੈ, ਚਾਹੇ ਜਾਂਦੀ ਰੰਡੀ ਹੋ ਜਾਵੇ ਦੇ ਆਧਾਰ ਤੇ ਆਪਾਂ ਤਾਂ ਚਾਰ ਪੈਸੇ ਕਮਾਉਣੇ, ਪੰਜਾਬੀ ਤਾਣਾ-ਬਾਣਾ ਜਾਵੇ ਢੱਠੇ ਖ਼ੂਹ 'ਚ, ਵਾਲੀ ਗੱਲ ਕਰ ਦਿੱਤੀ ਗਈ।

ਪੰਜਾਬ ਵਿਚ ਹਿੰਦੀ ਨਾਟਕਾਂ ਰਾਹੀ ਸਦੀਆਂ ਤੋਂ ਗੁਲਾਮ ਤੇ ਬੇਚਾਰੀ ਦਿਖਾਈ ਜਾਣ ਵਾਲੀ ਨਾਰੀ ਨੇ ਸੋਚਿਆ, ਕਿਸੇ ਅਨਪੜ੍ਹ ਪ੍ਰਦੇਸੀ ਦੇ ਪੱਲੇ ਪੈਣ ਨਾਲੋਂ ਚੰਗਾ ਹੈ ਕਿ ਵਿਆਹ ਤੇ ਵੀ ਲੱਖਾਂ ਰੁਪਏ ਖ਼ਰਚ ਕਰਨੇ ਹਨ, ਕਿਉਂ ਨਾ ਵਿਦਿਆਰਥੀ ਵੀਜ਼ੇ ਰਾਹੀ ਵਿਦੇਸ਼ ਵਿਚ ਮਿਹਨਤ-ਮਸ਼ੱਕਤ ਕਰ ਕੇ, ਪੱਕਿਆਂ ਹੋ ਕੇ ਆਪਣੀ ਪਸੰਦ ਦੇ ਮੁੰਡੇ ਨਾਲ ਵਿਆਹ ਕਰਵਾਇਆ ਜਾਵੇ। ਉਧਰ ਮਾਪਿਆਂ ਨੂੰ ਵੀ ਬਾਹਰ ਦੇਖਣ ਦੇ ਚਾਅ ਨੇ ਕੁੜੀ ਦੀ ਸੋਚ ਨੂੰ ਪਰ ਲਾ ਦਿੱਤੇ। ਹੁਣ ਕੁੜੀ ਦੀ ਸੋਚ ਅਤੇ ਮਾਪਿਆਂ ਦੇ ਮਕਸਦ ਨੂੰ ਚਾਰ ਚੰਨ ਲੱਗ ਜਾਣੇ ਸੀ, ਪਰ ਜੇ ਨਾ ਹੁੰਦੇ 'ਠੱਗ ਦਲਾਲ' ਅਤੇ ਬੇਰੁਜ਼ਗਾਰੀ 'ਠੱਗ ਦਲਾਲਾਂ" ਸੰਬੰਧੀ ਜਾਣਕਾਰੀ ਦੇਣ ਲਈ, ਜਲੰਧਰ, 25 ਦਸੰਬਰ ਦੀ ਖ਼ਬਰ ਦਾ ਜ਼ਿਕਰ ਕਰਨਾ ਜ਼ਰੂਰੀ ਹੈ ਜਿਸ ਵਿਚ ਮਾਸੂਮ ਕੁੜੀਆਂ ਦਾ ਮਾਮਲਾ ਸਾਹਮਣੇ ਆਇਆ, ਜਿਨ੍ਹਾਂ ਨੂੰ ਗਿਣੀ-ਮਿਥੀ ਸਾਜ਼ਿਸ਼ ਤਹਿਤ 'ਠੱਗ ਦਲਾਲ' ਬਾਹਰ ਲਿਜਾ ਕੇ ਚੰਗੇ ਕੰਮ ਕਾਰ ਦੇਣ ਦੀ ਬਜਾਏ ਦੇਹ ਵਪਾਰ ਦੇ ਧੰਦੇ ਵਿਚ ਧੱਕ ਰਹੇ ਸਨ। ਕੁਝ ਤਾਂ ਇਸ ਜਲਾਲਤ ਦੇ ਧੰਦੇ 'ਚ ਪੈਣ ਨਾਲੋਂ ਕਰਜ਼ਾਈ ਹੋ ਕੇ ਜੀਣ ਨੂੰ ਬਿਹਤਰ ਸਮਝਦੇ ਹੋਏ ਵਾਪਸ ਆ ਜਾਂਦੇ ਹਨ, ਕਿਉਂਕਿ 3 ਜਾਂ 4 ਲੱਖ ਰੁਪਏ ਮੱਧ ਵਰਗ ਘਰ ਗਹਿਣੇ ਰੱਖ ਬੰਦੋਬਸਤ ਕਰ ਸਕਦਾ ਹੈ, ਪਰ ਅਫਸੋਸ ਬਹੁਤ ਸਾਰੀਆਂ ਕੁੜੀਆਂ ਜਿਨ੍ਹਾਂ ਦੇ ਘਰ ਵਿਚ ਕਮਾਉਣ ਵਾਲਾ ਹੋਰ ਕੋਈ ਨਹੀਂ ਹੁੰਦਾ, ਉਹ ਆਤਮਾ ਮਾਰ ਕੇ ਜਿਸਮ ਵੇਚਣਾ ਸ਼ੁਰੂ ਕਰ ਦਿੰਦੀਆਂ ਹਨ ਇਸੇ ਕਰਕੇ ਪੰਜਾਬ ਦੇ ਪ੍ਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਨੇ ਵੀ 27 ਨਵੰਬਰ ਨੂੰ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਲੜਕੀਆਂ ਨੂੰ ਪੜ੍ਹਾਈ ਲਈ ਵਿਦੇਸ਼ ਭੇਜਣ ਦੇ ਮਾਮਲੇ 'ਚ ਪੂਰਨ ਅਹਿਤਿਆਤ ਵਰਤਣ।

ਇੰਗਲੈਂਡ ਨੇ ਵਿਦਿਆਰਥੀ ਵੀਜ਼ਾ ਨਰਮ ਕੀ ਕੀਤਾ, ਸਾਊਥਾਲ ਵਿਚ ਜਵਾਨ ਮੁੰਡੇ ਕੁੜੀਆਂ ਦਾ ਹੜ੍ਹ ਆ ਗਿਆ। ਜਿਸ ਕੋਲ ਪੰਜਾਬ ਵਿਚ ਠੀਕ-ਠਾਕ ਨੌਕਰੀ ਸੀ, ਉਸ ਨੇ ਵੀ ਸੁਨਹਿਰੀ ਭਵਿੱਖ ਲਈ ਉਡਾਰੀ ਮਾਰਨੀ ਠੀਕ ਸਮਝੀ ਟੀਵੀ ਚੈਨਲ ਦੀ ਵਿਚਾਰ ਗੋਸ਼ਟੀ ਪ੍ਰੋਗਰਾਮਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਕਈ ਅਖੌਤੀ ਵਿਦਿਆਰਥੀਆਂ ਨੂੰ ਤਾਂ ਅੰਗ੍ਰੇਜ਼ੀ ਦਾ ੳ ਅ ਵੀ ਨਹੀਂ ਆਉਂਦਾ, ਫਿਰ ਵੀ ਉਨ੍ਹਾਂ ਨੂੰ ਕਾਨੂੰਨ ਦਾ ਆਦਰ-ਸਤਿਕਾਰ ਕਰਕੇ 'ਜੀ ਆਇਆ ਨੂੰ' ਕਹਿਣਾ ਪੈ ਰਿਹਾ ਹੈ ਬਹੁਤੇ ਵਿਦਿਆਰਥੀਆਂ ਨੂੰ ਹਵਾਈ ਅੱਡੇ ਤੋਂ ਬਾਹਰ ਬੇਰੁਜ਼ਗਾਰੀ ਅਤੇ ਠੱਗ ਪੁਣੇ ਨਾਲ ਦੋ-ਦੋ ਹੱਥ ਕਰਨ ਪਏ ਦਲਾਲਾਂ ਨੇ ਭਰੋਸਾ ਦਿੱਤਾ ਸੀ ਕਿ ਪੜ੍ਹਾਈ ਨਾਲ ਥੋੜ੍ਹਾ ਕੰਮ ਕਰਕੇ ਤੁਸੀਂ ਆਪਣੀ ਪੜ੍ਹਾਈ ਦਾ ਖਰਚਾ ਅਤੇ ਹੋਰ ਖਰਚੇ ਚਲਾ ਸਕਦੇ ਹੋ, ਪਰ ਜਦ ਕੰਮ ਹੀ ਨਹੀਂ ਹੋਣਗੇ ਤਾਂ ਪੜ੍ਹਾਈ ਦੂਰ ਦੀ ਗੱਲ ਰਹੀ, ਰਹਿਣ-ਸਹਿਣ ਅਤੇ ਖਾਣ-ਪੀਣ ਦੇ ਖ਼ਰਚੇ ਕਿਵੇਂ ਹੋਣਗੇ? ਆਖਰ ਹਾਲਾਤ ਇਹ ਹੋ ਗਏ ਕਿ ਮਾਵਾਂ ਦੇ ਲਾਡਲੇ ਪੁੱਤਰਾਂ ਨੂੰ ਗੁਰਦੁਆਰਿਆਂ 'ਚ ਲੰਗਰ ਛਕ ਕੇ ਹੱਡ ਚੀਰਵੀਂ ਠੰਡ 'ਚ ਬੈਂਚਾਂ ਤੇ ਰਾਤਕਟੀ ਕਰਨ ਲਈ ਮਜਬੂਰ ਹੋਣਾ ਪਿਆ। ਪਰ ਲਾਡਲੀਆਂ ਧੀਆਂ ਸੰਬੰਧੀ ਕੋਈ ਖ਼ਬਰ ਪੰਜਾਬ ਵਿਚਲੀਆਂ ਅਖ਼ਬਾਰਾਂ ਵਿਚ ਪੜ੍ਹਨ ਨੂੰ ਨਹੀਂ ਮਿਲੀ ਸ਼ਾਇਦ ਇਸ ਨਾਜ਼ੁਕ ਮਸਲੇ ਜਾਂ ਸਮਾਜਿਕ ਬੁਰਾਈ ਦਾ ਹੱਲ ਪੰਜਾਬੀ ਭਾਈਚਾਰਾ ਆਪਸ ਵਿਚ ਮਿਲ ਬੈਠ ਕੇ ਕਰਨਾ ਚਾਹੁੰਦਾ ਸੀ ਨਾ ਕਿ ਅਖ਼ਬਾਰਾਂ ਵਿਚ ਢੰਡੋਰਾ ਪਿੱਟ ਕੇ। 'ਇੰਟਰਨੈਸ਼ਨਲ ਅੰਬੇਡਕਰ ਲਹਿਰ' (7 ਸਤੰਬਰ) ਦੇ ਰਸਾਲੇ ਵਿਚ ਖ਼ਬਰ ਆ ਗਈ ਕਿ ਏਜੰਟਾਂ ਹੱਥੋਂ ਬਰਬਾਦ ਪੰਜਾਬੀ ਧੀਆਂ ਮਜਬੂਰੀ ਕਾਰਨ ਅਫ਼ਰੀਕੀਆਂ ਤੇ ਪਾਕਿਸਤਾਨੀਆਂ ਨਾਲ ਵਿਆਹ ਲਈ ਲੱਗੀਆਂ ਮਿੰਨਤਾਂ ਕਰਨ।

**ਖ਼ਬਰ ਵਿਸਥਾਰ ਇਸ ਤਰ੍ਹਾਂ ਹੈ:** ਨਵੀਂ ਦਿੱਲੀ - ਸੂਤਰਾਂ ਤੋਂ ਪਤਾ ਲੱਗਾ ਹੈ ਕਿ ਵਿਦਿਆਰਥੀ-ਵੀਜ਼ੇ ਲਗਵਾ ਕੇ ਇੰਗਲੈਂਡ ਭੇਜੀਆਂ ਗਈਆਂ ਪੰਜਾਬੀ ਕੁੜੀਆਂ ਉੱਥੇ ਭਿਖਾਰੀਆਂ ਵਾਂਗ ਰੁਲ ਰਹੀਆਂ ਹਨ ਕੰਸਲਟੈਂਸੀ ਵਾਲਿਆਂ ਅਤੇ ਏਜੰਟਾਂ ਵੱਲੋਂ ਤਿਆਰ ਝੂਠੇ ਕਾਗ਼ਜ਼ਾਂ, ਝੂਠੀਆਂ ਬੈਂਕ ਰਕਮਾਂ ਆਦਿ ਦੇ ਸਹਾਰੇ ਇੰਗਲੈਂਡ ਦੇ ਕਾਲਜਾਂ ਦਾ ਦਾਖਲਾ ਦਿਵਾ ਕੇ ਇਨ੍ਹਾਂ ਨੂੰ ਉੱਥੇ ਭੇਜਿਆ ਗਿਆ ਹੈ। ਉਨ੍ਹਾਂ ਕੋਲੋਂ 4-4 ਲੱਖ ਰੁਪਏ ਤੱਕ ਫੀਸ ਲਈ ਗਈ ਹੈ। ਪਰ ਇਹ ਫੀਸ ਬਰਤਾਨੀਆ ਦੇ ਕਾਲਜਾਂ ਨੂੰ ਨਹੀਂ ਭੇਜੀ ਗਈ ਇੰਝ ਪੰਜਾਬੀ ਕੁੜੀਆਂ ਬਰਤਾਨੀਆ ਤਾਂ ਪੁੱਜ ਗਈਆਂ, ਪਰ ਫੀਸਾਂ ਨਾ ਪੁੱਜਣ ਕਾਰਨ ਉੱਥੋਂ ਦੇ ਕਾਲਜਾਂ ਵਾਲੇ ਉਨ੍ਹਾਂ ਨੂੰ ਕਲਾਸ 'ਚ ਵੜਨ ਨਹੀਂ ਦਿੰਦੇ। ਕੁੜੀਆਂ ਬਰਤਾਨੀਆ ਵਿਚ ਰਹਿਣ ਲਈ ਅਫ਼ਰੀਕਨ, ਫਿਲੀਪਨ, ਪਾਕਿਸਤਾਨੀ ਮੁੰਡਿਆਂ ਨਾਲ ਪੱਕੇ ਹੋਣ ਕਰਕੇ ਵਿਆਹਾਂ ਲਈ ਤਰਲੇ-ਮਿੰਨਤਾਂ ਕਰਦੀਆਂ ਹਨ।

ਲਾਡ-ਪਿਆਰ ਨਾਲ ਪਾਲੀਆਂ ਕੁੜੀਆਂ ਜਿਨ੍ਹਾਂ ਨੇ ਪੰਜਾਬ ਵਿਚ ਡੱਕਾਂ ਵੀ ਨਹੀਂ ਤੋੜਿਆ, ਹੁਣ ਦੋ ਪੌਂਡ ਘੰਟੇ ਲਈ ਪਾਰਟੀਆਂ ਵਿਚ ਝੂਠੇ ਭਾਂਡੇ ਚੱਕ ਰਹੀਆਂ ਹਨ। ਟੀਵੀ ਚੈਨਲ ਤੇ ਇਕ ਸਰੋਤੇ ਨੇ ਫ਼ੋਨ ਕਰ ਕੇ ਦੱਸਿਆ ਕਿ ਇਕ ਵਿਦਿਆਰਥਣ ਜਦ ਦੁਕਾਨ ਤੇ ਕੰਮ ਪੁੱਛਣ ਗਈ ਤਾਂ ਦੁਕਾਨਦਾਰ ਨੇ ਕਿਹਾ ਕਿ ਤੂੰ ਸਾਡੇ ਨਾਲ ਸਹਿਮਤ ਹੋ ਜਾ, ਤੈਨੂੰ ਪੱਕੇ ਕਰਵਾ ਦੇਵਾਂਗਾ। ਇਸੇ ਤਰ੍ਹਾਂ ਕਈ ਮੁੰਡਿਆਂ ਨਾਲ ਇੱਕ ਕੁੜੀ ਰਹਿਣ ਦੀ ਵੀ ਜਾਣਕਾਰੀ ਸਾਹਮਣੇ ਆਈ, ਕੁੜੀ ਨੂੰ ਸ਼ਰਨਾਰਥੀਆਂ ਨੇ ਸਹਾਰਾ ਦਿੱਤਾ ਹੈ ਜਾਂ ਵਿਦਿਆਰਥੀਆਂ ਨੇ ਇਹ ਪਤਾ ਨਹੀਂ ਲੱਗ ਸਕਿਆ ਇਕ ਟੀ.ਵੀ ਸ਼ੋਅ ਵਿਚ ਇਹ ਵੀ ਸਿੱਧ ਕੀਤਾ ਕਿ ਕੁੜੀ ਨੂੰ ਮੁੰਡਿਆਂ ਨੇ ਭੈਣ ਬਣਾ ਕੇ ਰੱਖਿਆ ਹੈ ਹੁਣ ਹੋਰ ਕੁੜੀਆਂ ਨੂੰ ਮੁੰਡਿਆਂ ਨੇ ਭੈਣ ਜਾਂ ਦਰੋਪਤੀ ਬਣਾ ਕੇ ਰੱਖਿਆ ਹੈ? ਇਹ ਰੱਬ ਹੀ ਜਾਣਦਾ ਹੈ। ਮੁੱਕਦੀ ਗੱਲ, ਜਦ ਕੁੜੀਆਂ ਦੇ ਸ਼ੋਸ਼ਣ ਬਾਰੇ ਕੁਝ ਸਮਾਜ ਸੇਵੀ ਸੰਸਥਾਵਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਕੁੜੀਆਂ ਨੂੰ ਪੰਜਾਬੀ ਪਰਿਵਾਰਾਂ ਵਿਚ ਸੰਭਾਲਣ ਲਈ ਯਤਨ ਅਰੰਭੇ ਅਤੇ ਕੁਝ ਹੱਦ ਤੱਕ ਸਫ਼ਲ ਵੀ ਹੋਏ। ਪਰ ਸੱਚ ਇਹ ਵੀ ਹੈ ਕਿ ਸਾਰੀਆਂ ਕੁੜੀਆਂ ਨੂੰ ਬਚਾਉਣਾ ਜਾਂ ਸੰਭਾਲਣਾ ਅਸੰਭਵ ਹੈ।

ਸੋ ਇਸ ਕਰਕੇ ਜੇਕਰ ਇਸ ਨਰਮ ਵਿਦਿਆਰਥੀ ਵੀਜ਼ਾ ਪ੍ਰਣਾਲੀ ਨੂੰ ਪੰਜਾਬੀ ਭਾਈਚਾਰੇ ਤੇ ਹਮਲਾ ਕਹੀਏ ਤਾਂ ਅਤਿਕਥਨੀ ਨਹੀਂ ਹੋਵੇਗੀ, ਕਿਉਂਕਿ ਇਸ ਨਾਲ ਸਾਰੇ ਪੰਜਾਬੀ ਭਾਈਚਾਰੇ ਦਾ ਤਾਣਾ-ਬਾਣਾ ਉਲਝ ਗਿਆ ਹੈ। ਧਰਮੀ ਪੁਰਸ਼ ਜੇਕਰ ਵਿਦਿਆਰਥੀਆਂ ਦੀ ਮਾਲੀ ਮਦਦ ਕਰਦੇ ਹਨ ਤਾਂ ਉਨ੍ਹਾਂ ਦੇ ਬੱਚੇ ਮਿਹਣਾ ਮਾਰਦੇ ਹਨ ਕਿ ਸਾਡੇ ਲਈ ਤਾਂ ਪੈਸੇ ਨਿਕਲਦੇ ਨਹੀਂ, ਬੇਗਾਨਿਆਂ ਨੂੰ ਦੇ ਹੋ ਰਹੇ ਹਨ। ਇੰਗਲੈਂਡ ਜੰਮਪਲ ਪੀੜ੍ਹੀ ਦੀ ਇੱਛਾ ਇਹ ਹੀ ਹੋਵੇਗੀ ਕਿ ਵਿਦਿਆਰਥੀ ਪੰਜਾਬ ਵਾਪਸ ਪਰਤ ਜਾਣ, ਜਿਵੇਂ ਕਿ ਇਕ ਸਰੋਤੇ ਨੇ ਫ਼ੋਨ ਕਰ ਕੇ ਕਿਹਾ ਸੀ। ਪਰ ਵਾਪਸ ਪਰਤਣ ਨੂੰ ਨਾ ਹੀ ਕੋਈ ਤਿਆਰ ਹੈ ਅਤੇ ਨਾ ਹੀ ਜਾਇਜ਼ ਹੈ। ਕਿਉਂਕਿ ਜਿਹੜਾ ਪੰਜਾਬ ਵਿਚ ਕਰਜ਼ਾ ਚੁੱਕ ਕੇ ਆਏ ਹਨ, ਉਹ ਕੌਣ ਉਤਾਰੇਗਾ? ਪਰ ਪਤਾ ਨਹੀਂ ਕਿਸ ਮਿੱਟੀ ਦੇ ਬਣੇ ਹੋਏ

ਹਨ ਇਹ ਦਲਾਲ, ਅਣਗਿਣਤ ਕਾਲਜਾਂ ਦੇ ਲਾਇਸੰਸ ਰੱਦ ਹੋਣ ਦੇ ਬਾਵਜੂਦ, ਹਾਲੇ ਵੀ ਪੰਜਾਬ ਦੀ ਅਖ਼ਬਾਰਾਂ ਵਿਚ ਖ਼ਬਰਾਂ ਲਗਵਾ ਰਹੇ ਹਨ ਕਿ ਘਬਰਾਉਣ ਦੀ ਲੋੜ ਨਹੀਂ, ਮਾਹੌਲ ਠੀਕ ਹੈ, ਆ ਜਾਓ ਸਾਰੇ। ਇੱਕ ਹੋਰ ਜੋ ਗੰਭੀਰ ਮਸਲਾ ਸਾਹਮਣੇ ਆਇਆ ਹੈ ਕਿ ਪੰਜਾਬ ਤੋਂ ਆ ਰਹੇ ਬਹੁਤੇ ਨੌਜਵਾਨ ਅਪੂਰਨ (ਪਤਿਤ) ਸਿੱਖ ਹਨ ਇਸ ਕਰਕੇ ਧਰਮੀ ਪੁਰਸ਼ਾਂ ਨੂੰ ਇੰਗਲੈਂਡ ਵਿਚ ਜੰਮਪਲ ਸਿੱਖੀ ਦੀ ਫੁਲਵਾੜੀ ਇਨ੍ਹਾਂ ਅਪੂਰਨ ਸਿੱਖਾਂ ਤੋਂ ਪ੍ਰਭਾਵਿਤ ਹੋ ਕੇ ਭਵਿੱਖ ਵਿਚ ਉੱਜੜਦੀ ਦਿਸ ਰਹੀ ਹੈ। ਪਰ ਜ਼ਿਆਦਾ ਨਾਜ਼ੁਕ ਮਸਲਾ ਫਿਰ ਵੀ ਕੁਆਰੀ ਕੁੜੀਆਂ ਦਾ ਹੀ ਹੈ ਜਿੱਥੇ ਸਿੱਖ ਕੁੜੀਆਂ ਪਹਿਲਾਂ ਤੋਂ ਹੀ ਇਕ ਧਰਮ ਦੇ ਨਜ਼ਰੇ ਚੜ੍ਹੀਆਂ ਜਾ ਰਹੀਆਂ ਹਨ ਅਤੇ ਅੰਦਰਖਾਤੇ ਮੌਕਾ ਦੇਖ ਕੇ ਢੰਗ ਵੀ ਮਾਰਦੇ ਰਹੇ ਹਨ, ਹੁਣ ਇਹ ਕੰਮ ਖੁੱਲ੍ਹੇ ਆਮ ਹੋ ਗਿਆ ਹੈ ਦੂਜੇ ਪਾਸੇ ਕੁਝ ਦਲਾਲ ਗਰੋਹ ਜਿਹੜੇ ਸ਼ੁਰੂ ਤੋਂ ਕੁੜੀਆਂ ਨੂੰ ਗਿਣੀ-ਮਿਥੀ ਸਾਜ਼ਿਸ਼ ਹੇਠ ਇੰਗਲੈਂਡ ਜਿਸਮ ਫ਼ਰੋਸ਼ੀ ਲਈ ਧੋਖੇ ਵਿਚ ਲਿਆ ਰਹੇ ਹਨ ਉਹ ਵੀ ਚਿੰਤਾ ਦਾ ਵਿਸ਼ਾ ਹੈ।



ਮੁਲਕ ਭਾਵੇਂ ਸਾਈਪ੍ਰਸ, ਆਸਟ੍ਰੇਲੀਆ ਜਾਂ ਇੰਗਲੈਂਡ ਹੋਵੇ ਮੁੱਕਦੀ ਗੱਲ ਇਹ ਹੈ ਕਿ ਕਿਸੇ ਸਮੇਂ ਧੀ, ਭਾਵ ਘਰ ਦੀ ਇੱਜ਼ਤ ਨੂੰ ਰਿਸ਼ਤੇਦਾਰ ਦੇ ਘਰ ਵੀ ਰਾਤ ਠਹਿਰਨ ਦੀ ਇਜਾਜ਼ਤ ਨਹੀਂ ਹੁੰਦੀ ਸੀ ਪਰ ਅੱਜ ਹਾਲਾਤ ਇਹ ਹੈ ਕਿ ਖ਼ੁਦ ਪਿਓ ਬੇਗਾਨੇ ਪੁੱਤ ਨੂੰ ਆਪਣੀ ਧੀ ਦੀ ਬਾਂਹ ਫੜਾ ਕੇ ਕਹਿ ਰਿਹਾ ਹੈ, ਪੁੱਤ ਇਹਨੂੰ ਵੀ ਨਾਲ ਰੱਖ ਲੀ ਪਰ ਜੇਕਰ ਈ. ਜੀ. ਐੱਸ. **ਅਧਿਆਪਕਾ ਕਿਰਨਜੀਤ ਕੌਰ ਦੇ ਅੰਤ ਵੱਲ ਦੇਖੀਏ ਤਾਂ ਮਜਬੂਰਨ ਲਿਖਣਾ ਪੈ ਰਿਹਾਹੈ ਗੰਧਲੀ ਰਾਜਨੀਤੀ, ਭ੍ਰਿਸ਼ਟ ਸਮਾਜ, ਭਗਤ, ਗੁਰੂ ਅਤੇ ਸੰਤ ਦੇ ਮਸਲੇ ਨੇ ਪੜ੍ਹੇ-ਲਿਖੇ ਨੌਜਵਾਨ ਵਰਗ ਦੇ ਹਾਲਾਤ ਇੱਥੋਂ ਤੱਕ ਪਹੁੰਚਾ ਦਿੱਤੇ ਹਨ ਕਿ ਪੰਜਾਬ ਵਿਚ ਉਹ ਸਰੀਰ ਨੂੰ ਮਾਰ ਰਿਹਾ ਹੈ ਅਤੇ ਪੰਜਾਬ ਤੋਂ ਬਾਹਰ ਆਤਮਾ ਨੂੰ ਹਾਲਾਤ ਤੋਂ ਹਾਰੇ ਇਨਸਾਨ ਨੂੰ ਫੈਸਲਾ ਲੈਣਾ ਪੈ ਰਿਹਾ ਕਿ ਜਿਸਮ ਨੂੰ ਜਲਾਉਣਾ ਠੀਕ ਹੈ ਜਾਂ ਜਿਸਮ ਨੂੰ ਵੇਚਣਾ?** ਆਸਟ੍ਰੇਲੀਆ ਵਿਚ ਨੌਜਵਾਨ ਵਿਦਿਆਰਥਣ 'ਵੰਨ ਕੱਪ ਟੀ' ਦੀ ਪੇਸ਼ਕਸ਼ ਕਰਨ ਲਈ ਮਜਬੂਰ ਹੈ ਅਤੇ ਇੰਗਲੈਂਡ ਵਿਚ 'ਮਾਲਸ਼' ਦੀ ਜਿੱਥੇ ਖ਼ੁਸ਼ਹਾਲੀ ਹੁੰਦੀ ਹੈ, ਉੱਥੇ ਅਣਖ ਤੇ ਗ਼ੈਰਤ ਹੁੰਦੀ ਹੈ ਜਿੱਥੇ ਬੇਰੁਜ਼ਗਾਰੀ ਹੁੰਦੀ ਹੈ, ਉੱਥੇ ਸਿਰਫ਼ ਜਿੱਦਾ-ਕਿੱਦਾ ਪੇਟ ਭਰਨ ਦਾ ਸਵਾਲ ਹੁੰਦਾ ਹੈ। ਪੀਰਾਂ, ਫ਼ਕੀਰਾਂ, ਗੁਰੂਆਂ ਦੀ ਇਸ ਧਰਤੀ ਵਿਚੋਂ ਪੈਦਾ ਹੋਏ ਪੰਜਾਬੀ ਨੂੰ ਕਿਸੇ ਹੋਰ ਦੀ ਨਹੀਂ, ਸਗੋਂ ਆਪਣਿਆਂ ਦੀ ਹੀ ਨਜ਼ਰ ਲੱਗੀ ਹੋਈ ਹੈ ਕਿ ਨੈਤਿਕ ਕਦਰਾਂ-ਕੀਮਤਾਂ ਮਿੱਟੀ ਵਿਚ ਮਿਲ ਗਈਆਂ ਹਨ


ਨੈਸ਼ਨਲ ਬੈਂਕਟ ਹਾਲ ਵਾਲੇ Charlie Singh
ਨੇ ਇਕ ਖ਼ੂਬਸੂਰਤ Italian Hall ਖਰੀਦ ਲਿਆ ਹੈ।
Gianucolo Banquet Hall IS KNOWN AS

PREMIUM BANQUET HALLS

Weddings
Anniversaries
Showers
Business Meetings
Conventions
Birthday Parties

Best Service in Town
Guaranteed Quality Food
Prepared by our
In-House Chefs

2 SEPARATE BARS
FULLY AIR-CONDITIONED

Cell: 416-720-2927
Res: 905-612-9106
Hall: 905-677-7879

Steeles Ave.
Dixie Road
Lucknow Dr.
Torbram Road
Airport Road
Derry Road

UP TO 900 SEATING CAPACITY

2360 Lucknow Dr., Mississauga, Ontario
ONE BLOCK NORTH OF DERRY RD. OFF TORBRAM